ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ,ਪੰਜਾਬ, ਚੰਡੀਗੜ੍ਹ ।

ਹੁਕਮ

ਮਾਨਯੋਗ ਵਿੱਤ ਕਮਿਸ਼ਨਰ,ਸਹਿਕਾਰਤਾ, ਪੰਜਾਬ, ਚੰਡੀਗੜ੍ਹ ਜੀ ਦੇ ਹੁਕਮ ਨੰ:5266 ਮਿਤੀ 5.9.2006 ਦੀ ਪਾਲਣਾ ਹਿੱਤ ਨਿਮਨਹਸਤਾਖਰ ਵਲੋਂ ਮਿਤੀ 18.9.2006 ਨੂੰ ਸਮੂਹ ਵਧੀਕ ਰਜਿਸਟਰਾਰ ਮੁੱਖ ਦਫਤਰ ਨੂੰ ਹੁਕਮ ਜਾਰੀ ਕਰਕੇ ਸਮੂਹ ਸਹਿਕਾਰੀ ਸੰਸਥਾਵਾਂ ਦੇ ਕਰਮਚਾਰੀਆਂ ਦੇ ਸਰਵਿਸ ਰੂਲਜ਼ ਵਿਚੋਂ ਸੰਸਥਾ ਦੇ ਬੋਰਡ ਆਫ ਡਾਇਰੈਕਟਰਜ਼ ਵਲੋਂ ਲਏ ਗਏ ਫੈਸਲੇ ਦੇ ਵਿਰੁੱਧ ਰਵੀਜਨ ਦੀ ਧਾਰਾ ਨੂੰ ਖਤਮ ਕਰ ਦਿਤਾ ਗਿਆ ਸੀ । ਮਾਨਯੋਗ ਪੰਜਾਬ ਐਡ ਹਰਿਆਣਾ ਹਾਈਕੋਰਟ ਦੇ ਵੱਖ-2 ਫੈਸਲਿਆ ਦੇ ਅਤੇ ਉਕਤ ਸੋਧਾਂ ਦੇ ਸਨਮੁੱਖ ਹੁਣ ਸਹਿਕਾਰੀ ਸੰਸਥਾਵਾਂ ਦੇ ਕਰਮਚਾਰੀਆਂ ਨੂੰ ਇਨਸਾਫ ਲਈ ਮਾਨਯੋਗ ਪੰਜਾਬ ਐਡ ਹਰਿਆਣਾ ਹਾਈਕੋਰਟ ਵਿੱਚ ਜਾਣਾ ਪੈਦਾ ਹੈ, ਜਿਸ ਕਰਕੇ ਉਹਨਾਂ ਕਰਮਚਾਰੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਕਤ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਮੱਦੇ ਨਜ਼ਰ ਮਾਨਯੋਗ ਵਿੱਤ ਕਮਿਸ਼ਨਰ ਸਹਿਕਾਰਤਾ, ਪੰਜਾਬ ਜੀ ਵਲੋਂ ਜਾਰੀ ਕੀਤੇ ਹੁਕਮ ਨੰ:5266 ਮਿਤੀ 5.9.2006 ਨੂੰ ਮਿਤੀ 16.8.2010 ਨੂੰ ਵਾਪਿਸ ਲੈ ਲਏ ਹਨ। ਜਿਸ ਕਾਰਨ ਨਿਮਨਹਸਤਾਖਰ ਵਲੋਂ ਮਿਤੀ 18.9.2006 ਨੂੰ ਜਾਰੀ ਕੀਤੇ ਦੇ ਹੁਕਮ ਬੇ-ਅਸਰ ਹੋ ਗਏ ਹਨ।

ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਮੈ ਜੀ.ਵਜ਼ਰਾਲਿੰਗਮ, ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ, ਪੰਜਾਬ ਸਹਿਕਾਰੀ ਸਭਾਵਾਂ ਰੂਲਜ 1963 ਦੀ ਧਾਰਾ 28 ਰੀਡ ਵਿਦ 45 ਦੇ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਜਿਹਨਾਂ ਸੰਸਥਾਵਾਂ ਦੇ ਕਰਮਚਾਰੀਆਂ ਦੇ ਸਰਵਿਸ ਰੂਲਜ਼ ਵਿੱਚੋ ਸਾਲ 2006 ਦੇ ਹੁਕਮਾਂ ਦੀ ਪਾਲਣਾ ਹਿਤ ਰਵੀਜ਼ਨ ਦਾ ਉਪਬੰਧ ਹਟਾ ਦਿਤਾ ਗਿਆ ਸੀ, ਨੂੰ ਅੱਜ ਮਿਤੀ 16.8.2010 ਤੋ ਮੁੜ ਬਹਾਲ ਕਰਦਾ ਹਾਂ।

ਮਿਤੀ 16.8.2010

(ਦਸਤਖਤ) 16/8/2010
ਰਜਿਸਟਰਾਰ,
ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ। 16/8/10

ਪਿੰਠਅੰਕਣ ਨੰ:ਰਸਸ/ਸਰਸ/ਪੇਸ਼ੀ ਸ਼ਾਖਾ/ 876 ਮਿਤੀ 18-8-10

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਇਨ ਬਿਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਵਧੀਕ ਰਜਿਸਟਰਾਰ, ਮੁੱਖ ਦਫਤਰ।
2. ਸਮੂਹ ਪ੍ਰਬੰਧਕ ਨਿਰਦੇਸ਼ਕ ਸਹਿਕਾਰੀ ਸਿੱਖਰ ਸੰਸਥਾਵਾਂ ।
3. ਚੀਫ ਆਡੀਟਰ, ਸਹਿਕਾਰੀ ਸਭਾਵਾਂ,ਪੰਜਾਬ, ਚੰਡੀਗੜ੍ਹ।
4. ਸਮੂਹ ਸੰਯੁਕਤ ਰਜਿਸਟਰਾਰ, ਖੇਤਰ ਵਿੱਚ ।
5. ਜਰਨਲ ਮੈਨੇਜਰ, ਪੰਨੋਕਫੈਡ ਨੂੰ ਪੰਜਾਬ ਕੌਆਪਰੇਸ਼ਨ ਵਿੱਚ ਪਬਲਿਸ਼ ਕਰਨ ਹਿਤ ।
6. ਰਿਕਾਰਡ ਕੀਪਰ ਪੇਸ਼ੀ ਸ਼ਾਖਾ ਅਤੇ ਈ.ਐਡ.ਟੀ. ਸ਼ਾਖਾ ਮੁੱਖ ਦਫਤਰ।

(ਦਸਤਖਤ) 16/8/10
ਸਹਾਇਕ ਰਜਿਸਟਰਾਰ(ਸਿੱਖਿਆ),
ਵਾ:ਰਜਿਸਟਰਾਰ, ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ੍ਹ। 16/8/10